WORKSAFE BC | ਨਿਊਜ਼ ਰਿਲੀਜ਼

# ਮੈਨੂਫੈਕਚਰਿੰਗ ਵਿੱਚ ਗੰਭੀਰ ਸੱਟਾਂ ਦੀ ਦਰ ਬੀ.ਸੀ. ਦੀ ਔਸਤ ਦਰ ਨਾਲੋਂ 44 ਪ੍ਰਤੀਸ਼ਤ ਵੱਧ।

*ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਵਰਕਰਾਂ ਲਈ ਖਤਰਾ ਘਟਾਉਣ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਯਾਦ ਦਿਵਾ ਰਿਹਾ ਹੈ*

**ਰਿਚਮੰਡ, ਬੀ.ਸੀ. ( X ਅਕਤੂਬਰ, 2025)** — ਅਕਤੂਬਰ ਨੂੰ ਸੂਬੇ ਭਰ ਵਿੱਚ ਮੈਨੂਫੈਕਚਰਿੰਗ ਫੈਕਟਰੀਆਂ- ਫੂਡ ਪ੍ਰੋਸੈਸਿੰਗ ਤੋਂ ਲੈ ਕੇ ਕੈਬਨਿਟ ਅਤੇ ਖਿੜਕੀਆਂ ਦੇ ਉਤਪਾਦਨ, ਮੈਟਲ ਫੈਬਰੀਕੇਸ਼ਨ, ਕੱਪੜੇ ਦੀਆਂ ਮਿੱਲਾਂ (ਟੈਕਸਟਾਈਲ) ਅਤੇ ਹੋਰ ਬਹੁਤ ਕੁਝ ਵਿੱਚ ਕੀਤੇ ਜਾਂਦੇ ਕੰਮ ਨੂੰ ਮਾਨਤਾ ਦੇਣ ਵਾਲੇ ਮਹੀਨੇ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਨਾਲ ਹੀ, ਵਰਕਸੇਫਬੀਸੀ ਇਸ ਗੱਲ ਵੱਲ ਧਿਆਨ ਦਿਵਾ ਰਿਹਾ ਹੈ ਕਿ ਮੈਨੂਫੈਕਚਰਿੰਗ (ਉਤਪਾਦ ਤਿਆਰ ਕਰਨੇ) ਜ਼ਿਆਦਾ ਖਤਰੇ ਵਾਲੀ ਇੰਡਸਟਰੀ ਹੈ, ਅਤੇ ਕੰਮ-ਮਾਲਕਾਂ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਵਰਕਰਾਂ ਦੀ ਸੁਰੱਖਿਆ ਲਈ ਸਿਹਤ ਅਤੇ ਸੁਰੱਖਿਆ ਦੀਆਂ ਪ੍ਰਣਾਲੀਆਂ ਮੌਜੂਦ ਹੋਣ।

ਪਿਛਲੇ ਪੰਜ ਸਾਲਾਂ ਦੌਰਾਨ, ਮੈਨੂਫੈਕਚਰਿੰਗ ਵਿੱਚ ਗੰਭੀਰ ਸੱਟਾਂ ਲੱਗਣ ਦੀ ਦਰ ਬੀ.ਸੀ. ਦੀਆਂ ਸਾਰੀਆਂ ਇੰਡਸਟਰੀਆਂ ਦੀ ਔਸਤ ਨਾਲੋਂ 44 ਪ੍ਰਤੀਸ਼ਤ ਵੱਧ ਰਹੀ ਹੈ। ਉਸ ਸਮੇਂ ਦੌਰਾਨ, 26,000 ਤੋਂ ਵੱਧ ਮੈਨੂਫੈਕਚਰਿੰਗ ਵਰਕਰਾਂ ਨੇ ਸੱਟਾਂ ਲੱਗਣ, ਜਿਨ੍ਹਾਂ ਵਿੱਚ 4,300 ਤੋਂ ਵੱਧ ਗੰਭੀਰ ਸੱਟਾਂ ਵੀ ਸ਼ਾਮਲ ਸਨ, ਕਾਰਨ ਕੰਮ ਤੋਂ ਸਮਾਂ ਖੁੰਝਾ ਦਿੱਤਾ।

ਸਭ ਤੋਂ ਆਮ ਕਿਸਮ ਦੇ ਹਾਦਸਿਆਂ ਵਿੱਚ ਲੋੜੋਂ ਵੱਧ ਕੰਮ ਕਰਨਾ, ਚੀਜ਼ਾਂ ਦਾ ਟਕਰਾਉਣਾ ਜਾਂ ਚੀਜ਼ਾਂ ਨਾਲ ਟਕਰਾਉਣਾ, ਬਿਨਾਂ ਕਿਸੇ ਨਿਵਾਣ-ਉਚਾਣ ਵਾਲੀ ਪੱਧਰੀ ਥਾਂ 'ਤੇ ਡਿੱਗਣਾ, ਅਤੇ ਮਸ਼ੀਨਰੀ ਜਾਂ ਉਪਕਰਨਾਂ ਵਿੱਚ ਫਸਣਾ ਸ਼ਾਮਲ ਸਨ।

ਵਰਕਸੇਫਬੀਸੀ ਵਿਖੇ ਰੋਕਥਾਮ ਸੇਵਾਵਾਂ ਦੇ ਮੁਖੀ ਟੌਡ ਮੈਕਡੌਨਲਡ ਨੇ ਕਿਹਾ, "ਮੈਨੂਫੈਕਚਰਿੰਗ ਵਿੱਚ ਸੱਟਾਂ ਲੱਗਣ ਤੋਂ ਬਚਣ ਲਈ ਜਾਗਰੂਕਤਾ ਤੋਂ ਵੱਧ ਕੁਝ ਹੋਰ ਕਰਨ ਦੀ ਵੀ ਲੋੜ ਹੁੰਦੀ ਹੈ – ਕੰਮ-ਮਾਲਕਾਂ ਨੂੰ ਵਰਕਰਾਂ ਦੀ ਸੁਰੱਖਿਆ ਲਈ ਸਰਗਰਮੀ ਨਾਲ ਖਤਰਿਆਂ ਦੀ ਪਛਾਣ ਕਰਨ ਅਤੇ ਉਪਾਅ ਲਾਗੂ ਕਰਨ ਦੀ ਲੋੜ ਹੁੰਦੀ ਹੈ। ਇਸ ਕਾਰਵਾਈ ਵਿੱਚ ਵਰਕਰਾਂ ਨੂੰ ਸ਼ਾਮਲ ਕਰਨਾ, ਅਤੇ ਨਿਰੰਤਰ ਸਿਖਲਾਈ ਅਤੇ ਨਿਗਰਾਨੀ ਨੂੰ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ।"

**ਜ਼ਿਆਦਾ ਖਤਰੇ ਵਾਲੇ ਸੰਕਟ**

ਮੈਨੂਫੈਕਚਰਿੰਗ ਵਿੱਚ ਸੱਟ ਲੱਗਣ ਦੇ ਜ਼ਿਆਦਾ ਖਤਰੇ ਨੂੰ ਦੇਖਦੇ ਹੋਏ, ਵਰਕਸੇਫਬੀਸੀ ਨੇ ਪਿਛਲੇ ਸਾਲ ਇਸ ਖੇਤਰ ਵਿੱਚ 7,700 ਤੋਂ ਵੱਧ ਨਿਰੀਖਣ ਕੀਤੇ। ਇਹ ਨਿਰੀਖਣ ਆਮ ਹੋਣ ਵਾਲੀਆਂ ਜ਼ਿਆਦਾ ਖਤਰੇ ਵਾਲੀਆਂ ਗਤੀਵਿਧੀਆਂ 'ਤੇ ਕੇਂਦਰਿਤ ਸਨ, ਜਿਵੇਂ ਕਿ ਪਾਵਰ ਸਪਲਾਈ ਨਾਲ ਜੁੜੀ ਹੋਈ ਜਾਂ ਚਲਦੀ ਮਸ਼ੀਨਰੀ ਨਾਲ ਕੰਮ ਕਰਨਾ, ਜਿਸ ਨਾਲ ਵਰਕਰ ਮਸ਼ੀਨ ਵਿੱਚ ਫਸ ਸਕਦੇ ਹਨ, ਅਤੇ ਸਰੀਰਕ ਤੌਰ 'ਤੇ ਜ਼ੋਰ ਲੱਗਣ ਵਾਲੇ ਜਾਂ ਦੁਹਰਾ ਵਾਲੇ ਕੰਮ ਕਰਨੇ, ਜਿਹੜੇ ਪੱਠਿਆਂ ਦੀਆਂ ਸੱਟਾਂ ਦੇ ਖਤਰੇ ਨੂੰ ਵਧਾਉਂਦੇ ਹਨ।

ਉਤਪਾਦਕਾਂ (ਮੈਨੂਫੈਕਚਰਰਜ਼) ਲਈ ਇੱਕ ਹੋਰ ਚਿੰਤਾ ਜਲਨਸ਼ੀਲ ਧੂੜ ਹੈ, ਜਿਸ ਦਾ ਸਹੀ ਢੰਗ ਨਾਲ ਪ੍ਰਬੰਧ ਨਾ ਕੀਤੇ ਜਾਣ 'ਤੇ ਗੰਭੀਰ ਧਮਾਕੇ ਅਤੇ ਅੱਗ ਦੇ ਖ਼ਤਰੇ ਪੈਦਾ ਹੋ ਸਕਦੇ ਹਨ। ਇਹ ਖ਼ਤਰਾ ਲੱਕੜ ਦੇ ਉਤਪਾਦਾਂ, ਪਲਾਸਟਿਕ, ਭੋਜਨ, ਰਬੜ, ਕੱਪੜੇ ਦੀ ਬੁਣਾਈ (ਟੈਕਸਟਾਈਲ) ਅਤੇ ਧਾਤ ਦੇ ਉਤਪਾਦ ਬਣਾਉਣ (ਮੈਨੂਫੈਕਚਰਿੰਗ) ਵਿੱਚ ਹੁੰਦਾ ਹੈ। ਅਗਲੇ ਸਾਲ ਸ਼ੁਰੂ ਕੀਤੇ ਜਾਣ ਦੀ ਉਮੀਦ ਵਾਲੇ ਨਵੇਂ ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਅਨੁਸਾਰ ਕੰਮ-ਮਾਲਕਾਂ ਨੂੰ ਕੰਮ ਵਾਲੀ ਥਾਂ ਦੀ ਚੰਗੀ ਸਫਾਈ ਅਤੇ ਖ਼ਤਰੇ ਦੀ ਪਛਾਣ ਦੀ ਮਹੱਤਤਾ ਨੂੰ ਮਜ਼ਬੂਤ ਕਰਦਿਆਂ ਧੂੜ ਦੇ ਖ਼ਤਰਿਆਂ ਦੀ ਜਾਂਚ, ਮੁਲਾਂਕਣ ਅਤੇ ਉਪਾਅ ਕਰਨ ਦੀ ਲੋੜ ਹੋਵੇਗੀ।

ਉਤਪਾਦ ਤਿਆਰ ਕਰਨ (ਮੈਨੂਫੈਕਚਰਿੰਗ) ਦੇ ਖੇਤਰ ਵਿੱਚ ਕੰਮ ਵਾਲੀ ਥਾਂ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ worksafebc.com.

**ਵਸੀਲੇ:**

WorkSafeBC.com:

- ਯੋਜਨਾਬੱਧ ਨਿਰੀਖਣ ਕਰਨ ਦੀ ਪਹਿਲਕਦਮੀ: ਮੈਨੂਫੈਕਚਰਿੰਗ
- ਮੈਨੂਫੈਕਚਰਿੰਗ ਖੇਤਰ ਲਈ ਸਿਹਤ ਅਤੇ ਸਰੱਖਿਆ ਦੇ ਵਸੀਲੇ

ਬਾਹਰੀ ਵਸੀਲੇ:

- ਬੀ.ਸੀ. ਦਾ ਮੈਨੂਫੈਕਚਰਿੰਗ ਸੇਫਟੀ ਗੱਠਜੋੜ Manufacturing Safety Alliance of B.C.

-30-

## About WorkSafeBC ਵਰਕਸੇਫਬੀਸੀ ਬਾਰੇ

*ਵਰਕਸੇਫਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸੰਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਲੋਕਾਂ ਨੂੰ ਓਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਵਰਕਰਾਂ ਅਤੇ 285,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

## ਹੋਰ ਜਾਣਕਾਰੀ ਲਈ, ਸੰਪਰਕ ਕਰੋ:

ਮੀਡੀਆ ਰੀਲੇਸ਼ਨਜ਼, ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ : 604-276-5157